# ਬੱਚਿਆਂ ਲਈ ਬਾਈਬਲ

## ਉਪੱਸਥਿਤ

# ਯਿਸੂ ਦਾ ਜਨਮ।




ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : M. Maillot
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਦਲਿਆ ਗਿਆ : E. Frischbutter; Sarah S.



ਕਹਾਣੀ 36 ਤੋ 60

**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi

ਬਹੁਤ ਸਮੇਂ ਪਹਿਲਾਂ ਪਰਮੇਸ਼ਵਰ ਨੇ ਆਪਣੇ ਦੂਤ ਜ਼ਿਬਰਾਇਲ ਨੂੰ ਇੱਕ ਬਹੁਤ ਹੀ ਪਿਆਰੀ, ਜਵਾਨ ਯਹੂਦਨ ਕੁਆਰੀ ਜਿਸ ਦਾ ਨਾਂਮ ਮਰਿਯਮ ਸੀ, ਕੋਲ ਭੇਜ਼ਿਆਂ। ਉਸਨੇ ਉਹ ਨੂੰ ਆਖਿਆ, ਤੇਰੇ ਇੱਕ ਪੁੱਤਰ ਹੋਵੇਗਾ ਅਤੇ ਤੂੰ ਉਸਦਾ ਨਾਮ ਯਿਸੂ ਰੱਖਣਾ। ਉਹ ਅੱਤ ਮਹਾਨ ਦਾ ਪੁੱਤਰ ਸਦਾਵੇਗਾ। ਉਹ ਜੁੱਗੋ ਜੁੱਗ ਰਾਜ਼ ਕਰੇਗਾ।



1

ਲੜਕੀ ਨੇ ਹੈਰਾਨ ਹੋ ਕੇ ਪੁਛਿਆਂ ',' ਇਹ ਕਿਵੇ ਹੋਵੇਗਾ। ਮੈ ਕਿਸੇ ਮਨੁੱਖ ਨਾਲ ਨਹੀ ਰਹੀ ਹਾਂ। ਦੂਤ ਨੇ ਮਰਿਯਮ ਨੂੰ ਆਖਿਆ ਕਿ ਇਹ ਬੱਚਾ ਪਰਮੇਸ਼ਵਰ ਵੱਲੋ ਆਵੇਗਾ। ਉਸਦਾ ਦਾ ਕੋਈ ਵੀ ਇਨਸਾਨੀ ਪਿਤਾ ਨਹੀ ਹੋਵੇਗਾ।



2


ਤਦ ਦੂਤ ਨੇ ਮਰਿਯਮ ਨੂੰ ਆਖਿਆ
ਵੇਖ ਤੇਰੀ ਸਾਕ ਇਲੀਸਬਤ ਉਹ ਨੂੰ
ਵੀ ਬੁਢਾਪੇ ਵਿੱਚ ਬੱਚਾ ਹੋਣ ਵਾਲਾ
ਹੈ। ਇਹ ਵੀ ਇੱਕ ਚਮਤਕਾਰ
ਸੀ। ਤੁਰੰਤ ਬਾਅਦ ਮਰਿਯਮ
ਨੇ ਇਲੀਸਬਤ ਨਾਲ
ਮੁਲਾਕਾਤ ਕੀਤੀ, ਉਨ੍ਹਾਂ
ਨੇ ਇਕੱਠਿਆਂ ਪਰਮੇਸ਼ਵਰ
ਦੀ ਸਤੁਤੀ ਕੀਤੀ।
3


ਮਰਿਯਮ ਦੀ ਮੰਗਣੀ ਯੂਸਫ਼
ਨਾ ਦੇ ਮਨੁੱਖ ਨਾਲ ਹੋ ਗਈ।
ਜਦ ਯੂਸਫ਼ ਨੂੰ ਪਤਾ ਲੱਗਾ ਕਿ
ਮਰਿਯਮ ਗਰਭਵਤੀ ਹੈ ਤਾ
ਉਹ ਦੁਖੀ ਹੋਇਆ। ਉਸਨੇ
ਸੋਚਿਆ ਕਿ ਕੋਈ ਹੋਰ
ਮਨੁੱਖ ਉਸਦਾ ਪਿਤਾ
ਹੋਵੇਗਾ।
4


ਸੁਪਨੇ ਵਿੱਚ, ਪਰਮੇਸ਼ਵਰ ਦੇ ਦੂਤ ਨੇ ਯੂਸਫ਼
ਨੂੰ ਕਿਹਾ ਕਿ ਉਹ ਬੱਚਾ ਪਰਮੇਸ਼ਵਰ ਦਾ
ਪੁੱਤਰ ਹੈ। ਯੂਸਫ਼ ਮਰਿਯਮ ਦੀ ਮਦਦ
ਲਈ ਸੀ ਕਿ ਉਹ ਯਿਸੂ ਦੀ
ਦੇਖ-ਭਾਲ ਕਰਨ।
5


ਯੂਸਫ਼ ਨੇ ਭਰੋਸਾ ਕੀਤਾ ਅਤੇ ਆਗਿਆ ਨੂੰ ਮੰਨਿਆਂ। ਉਸਨੇ ਆਪਣੇ ਦੇਸ਼
ਦੇ ਕਾਨੂੰਨ ਨੂੰ ਵੀ ਮੰਨਿਆ। ਕਿਉਂਕਿ ਇੱਕ ਨਵਾ ਕਾਨੂੰਨ ਸੀ, ਉਹ ਅਤੇ
ਮਰਿਯਮ ਆਪਣੇ ਘਰਾਣੇ ਨੂੰ ਛੱਡ
ਕੇ ਬੇਤਲਹਮ ਨੂੰ ਆਪਣਾ
ਲਗਾਨ ਭਰਨ ਗਏ।
6


ਮਰਿਯਮ ਬੱਚੇ ਨੂੰ ਜਨਮ
ਦੇਣ ਲਈ ਤਿਆਰ ਸੀ।
ਪਰ ਯੂਸਫ਼ ਨੂੰ ਕਿਤੇ ਵੀ
ਕਮਰਾ ਨਾ ਮਿਲਿਆ।
ਸਾਰੀਆਂ ਸਰਾਵਾਂ ਭਰ
ਚੁੱਕੀਆਂ ਸਨ।
7


ਅੰਤ ਵਿੱਚ ਯੂਸਫ਼ ਨੂੰ ਇੱਕ ਤਬੇਲਾ ਲੱਭਿਆ। ਉਥੇ ਬੱਚਾ
ਯਿਸੂ ਪੈਦਾ ਹੋਇਆ। ਉਸਦੀ ਮਾਤਾ ਨੇ ਉਸਨੂੰ
ਖੁਰਲੀ ਵਿੱਚ ਲਿਟਾ ਦਿੱਤਾ। ਆਮਤੌਰ ਤੇ
ਜਿੱਥੇ ਜਾਨਵਰਾਂ ਨੂੰ
ਖਾਣਾ ਪਾਇਆ
ਜਾਂਦਾ ਹੈ।
8


ਨੇੜੇ ਹੀ ਅਯਾਲੀ ਆਪਣੇ ਇੱਜੜ ਨੂੰ ਚਰਾ ਰਹੇ ਸੀ। ਪਰਮੇਸ਼ਵਰ
ਦਾ ਦੂਤ ਉਥੇ ਪਰਗਟ ਹੋਇਆ ਅਤੇ ਉਨ੍ਹਾਂ ਨੂੰ
ਅਦਭੁਤ ਖ਼ਬਰ ਸੁਣਾਈ।
9


ਭਾਈ ਦਾਉਦ ਦੇ ਨਗਰ ਵਿੱਚ ਅੱਜ ਤੁਹਾਡੇ ਲਈ ਇੱਕ ਮੁਕਤੀ ਦਾਤਾ ਪੈਦਾ
ਹੋਇਆ ਹੈ, ਜਿਹੜਾ ਪ੍ਰਭੂ ਯਿਸੂ ਮਸੀਹ ਹੈ। ਤੁਸੀ
ਉਸ ਬੱਚੇ ਨੂੰ ਖੁਰਲੀ ਵਿੱਚ ਪਿਆ
ਹੋਇਆ
ਵੇਖੋਗੇ।
10


ਤਾਂ ਇੱਕ ਸਵਰਗ ਦੂਤਾਂ ਦੀ ਟੋਲੀ ਪਰਮੇਸ਼ਵਰ ਦੀ
ਉਸਤਤ ਕਰਦੀ ਅਤੇ ਇਹ ਕਹਿੰਦੀ ਸੀ।ਪਰਮਧਾਮ
ਵਿੱਚ ਪਰਮੇਸ਼ਵਰ ਦੀ ਵਡਿਅਵਾਈ
ਅਤੇ ਧਰਤੀ
ਉਤੇ
ਸ਼ਾਂਤੀ ਉਨ੍ਹਾਂ ਵਿੱਚ ਜਿਨ੍ਹਾਂ
ਨਾਲ ਉਹ ਪ੍ਰਸੰਨ ਹੈ।
11


ਅਯਾਲੀ ਜਲਦੀ ਨਾਲ ਗਊਸ਼ਾਲਾ ਵਿੱਚ ਗਏ। ਬੱਚੇ ਨੂੰ
ਵੇਖਣ ਤੋ ਬਾਅਦ ਉਨ੍ਹਾਂ ਹਰੇਕ ਨੂੰ ਦੱਸਿਆਂ ਕਿ ਜਿਸ
ਤਰ੍ਹਾਂ ਦੂਤਾਂ ਨੇ ਯਿਸੂ ਬਾਰੇ ਦੱਸਿਆਂ ਸੀ। ਉਸੇ ਤਰ੍ਹਾਂ
ਉਨ੍ਹਾਂ ਪਾਇਆ।
12


ਚਾਲੀ ਦਿਨਾਂ ਬਾਅਦ, ਯੂਸਫ਼ ਅਤੇ ਮਰਿਯਮ
ਯਿਸੂ ਨੂੰ ਹੈਕਲ ਵਿੱਚ ਲਿਆਏ ਜਿਹੜੀ
ਯਰੂਸ਼ਲਮ ਵਿੱਚ ਸੀ। ਉਥ
ਇੱਕ ਮਨੁੱਖ ਸਿਮਉਨ ਸੀ ਜਿਸ
ਨੇ ਬੱਚੇ ਲਈ ਪਰਮੇਸ਼ਵਰ ਦੀ
ਵਡਿਆਈ ਕੀਤੀ।
ਜਦ ਕਿ ਬਜ਼ੁਰਗ
ਹੰਨਾਂ ਅਤੇ
ਬਾਕੀ ਸੇਵਕਾਂ
ਨੇ ਮਿਲ ਕੇ
ਯਹੋਵਾ ਦਾ
ਧੰਨਵਾਦ
ਕੀਤਾ।
13


ਇਹ ਦੋਵੇ ਜਾਣਦੇ ਸਨ ਕਿ ਯਿਸੂ ਪਰਮੇਸ਼ਵਰ
ਦਾ ਪੁਤਰ ਹੈ ਉਹ ਵਾਇਦੇ ਦਾ ਮੁਕਤੀ
ਦਾਤਾ ਹੈ। ਯੂਸਫ਼ ਨੇ ਦੋ ਪੰਛੀਆਂ
ਦਾ ਬਲਿਦਾਨ ਕੀਤਾ। ਇਹ ਭੇਟ
ਪਰਮੇਸ਼ਵਰ ਦੀ ਸਰਾਂ ਦੇ ਮੁਤਾਬਿਕ
ਗਰੀਬ ਲੋਕ ਉਸ
ਵੇਲੇ ਚੜਾਉਦੇ ਸੀ
ਜਦ ਉਹ
ਆਪਣੇ ਨਵੇ
ਜਨਮੇ ਬੱਚੇ
ਨੂੰ ਯਹੋਵਾ ਦੇ
ਸਾਹਮਣੇ ਹਾਜ਼ਰ
ਕਰਦੇ ਸੀ।
14


ਕੁਝ ਸਮੇ ਬਾਅਦ, ਇੱਕ
ਵਿਸ਼ੇਸ਼ ਤਾਰਾ ਜੋਤਸ਼ੀਆਂ ਦੀ
ਅਗਵਾਈ ਕਰਦਾ ਉਨ੍ਹਾਂ ਨੂੰ
ਪੂਰਬ ਤੋ ਯਰੂਸ਼ਲਮ
ਲੈ ਆਇਆ।
ਉਨ੍ਹਾਂ ਨੇ ਪੁੱਛਿਆਂ ਉਹ ਕਿੱਥੇ ਹੈ ਜਿਹੜਾ
ਯਹੂਦੀਆਂ ਦਾ ਪਾਤਸ਼ਾਹ ਜੰਮਿਆ ਹੈ।
ਅਸੀ ਉਹ ਨੂੰ ਮੱਥਾ ਟੇਕਣ ਆਏ ਹਾਂ।
15


ਰਾਜ਼ੇ ਹੇਰੋਦੇਸ਼ ਨੇ ਜੋਤਸ਼ੀਆਂ ਦੇ ਬਾਰੇ
ਸੁਣਿਆਂ। ਪਰੇਸ਼ਾਨ ਹੋ ਕਿ ਉਸਨੇ
ਉਨ੍ਹਾਂ ਨੂੰ ਕਿਹਾ ਕਿ ਤੁਸੀ ਮੈਨੂੰ
ਦੱਸਣਾ ਕਿ ਯਿਸੂ ਨੂੰ ਕਿੱਥੇ
ਪਾਇਆ ਹੈ। ਹੇਰੋਦੇਸ ਨੇ ਕਿਹਾ
ਮੈ ਵੀ ਉਸਨੂੰ ਮੱਥਾ ਟੇਕਣਾ
ਚਾਹੁੰਦਾ ਹਾਂ। ਪਰ ਉਹ ਝੂਠ
ਬੋਲ ਰਿਹਾ ਸੀ। ਹੇਰੋਦੇਸ
ਯਿਸੂ ਨੂੰ ਮਾਰਨਾ
ਚਾਹੁੰਦਾ ਸੀ।
16


ਤਾਰਾ ਉਨ੍ਹਾਂ ਜੋਤਸ਼ੀਆਂ ਨੂੰ ਸਹੀ ਘਰ
ਲੈ ਗਿਆ ਜਿੱਥੇ ਮਰਿਯਮ ਅਤੇ
ਯੂਸਫ਼ ਬੱਚੇ ਨਾਲ ਰਹਿੰਦੇ ਸੀ। ਉਨ੍ਹਾਂ
ਆਪਣੇ ਗੋਡੇ ਨਿਵਾ ਕੇ ਮੱਥਾ ਟੇਕਿਆ
ਅਤੇ ਮੁਸਾਫ਼ਰਾਂ ਨੇ ਯਿਸੂ ਨੂੰ ਕੀਮਤੀ
ਤੋਹਫੇ ਸੋਨਾ ਅਤੇ
ਗਧਰੰਸ ਦਿੱਤੇ।
17


ਪਰਮੇਸ਼ਵਰ ਨੇ ਜੋਤਸ਼ੀਆਂ ਨੂੰ ਚੇਤਾਵਨੀ
ਦਿੱਤੀ ਕਿ ਉਹ ਆਪਣੇ ਘਰਾ ਨੂੰ ਗੁਪਤ
ਰੀਤੀ ਨਾਲ ਚਲੇ ਜਾਣ। ਹੇਰੋਦੇਸ ਗੁੱਸੇ
ਨਾਲ ਅੱਗ-ਬਬੂਲਾ ਹੋ ਗਿਆ। ਦੁਸ਼ਟ
ਰਾਜੇ ਨੇ ਬੈਤਲਹਮ ਵਿੱਚ ਸਾਰੇ ਲੜਕੇ
ਬੱਚਿਆ ਨੂੰ ਮਰਵਾ
ਦਿੱਤਾ।
18


ਪਰ ਹੇਰੋਦੇਸ ਪਰਮੇਸ਼ਵਰ
ਦੇ ਪੁੱਤਰ ਨੂੰ ਕੁਝ ਨੁਕਸਾਨ
ਨਾ ਪਹੁੰਚਾ ਸਕਿਆ।
ਸੁਪਨੇ ਵਿੱਚ ਚੇਤਾਵਨੀ ਪਾ
ਕੇ ਯੂਸਫ਼ ਮਰਿਯਮ ਅਤੇ
ਯਿਸੂ ਨੂੰ ਮਿਸਰ ਵਿੱਚ ਹੀ
ਸਲਾਮਤ ਲੈ ਗਿਆ।
19


ਜਦ ਹੇਰੋਦੇਸ ਮਰ ਗਿਆ ਤਾਂ
ਯੂਸਫ਼ ਮਰਿਯਮ ਅਤੇ ਯਿਸੂ
ਨੂੰ ਮਿਸਰ ਤੋ ਵਾਪਸ ਲੈ
ਆਇਆ।
ਉਹ ਇੱਕ ਛੋਟੇ
ਨਗਰ ਨਾਸ਼ਰਤ ਵਿੱਚ ਰਹਿੰਦੇ ਸੀ
ਜਿਹੜਾ ਗਲੀਲ ਦੇ ਨਗਰ ਦੇ ਲਾਗੇ ਸੀ।
20

ਯਿਸੂ ਦਾ ਜਨਮ।

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਮੱਤੀ ਦੀ ਇੰਜ਼ੀਲ 1-2, ਲੂਕਾ ਦੀ ਇੰਜ਼ੀਲ 1-2

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜ਼ੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।